# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਡਿਪਟੀ ਕਮਿਸ਼ਨਰ ਨੇ ਲੁਧਿਆਣਾ ਵਿੱਚ ਸਰਕਾਰੀ ਈ-ਮਾਰਕੀਟਪਲੇਸ (ਜੈਮ ਫੈਸਿਲੀਟੇਸ਼ਨ ਸੈਂਟਰ) ਦਾ ਕੀਤਾ ਉਦਘਾਟਨ

### *ਡਿਜੀਟਲ, ਪਾਰਦਰਸ਼ੀ ਅਤੇ ਕੁਸ਼ਲ ਸਰਕਾਰੀ ਖਰੀਦ ਪ੍ਰਣਾਲੀ ਨੂੰ ਮਿਲੇਗਾ ਹੁਲਾਰਾ: ਡੀ.ਸੀ ਹਿਮਾਂਸ਼ੂ ਜੈਨ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 26 ਅਗਸਤ : ਲੁਧਿਆਣਾ ਜ਼ਿਲ੍ਹੇ ਵਿੱਚ ਸਰਕਾਰੀ ਖਰੀਦ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ, ਕੁਸ਼ਲ ਅਤੇ ਡਿਜੀਟਲ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ, ਆਈ.ਏ.ਐਸ. ਵੱਲੋਂ ਜ਼ਿਲ੍ਹਾ ਉਦਯੋਗ ਕੇਂਦਰ ਲੁਧਿਆਣਾ ਵਿਖੇ ਸਰਕਾਰੀ ਈ-ਮਾਰਕੀਟਪਲੇਸ (ਜੈਮ ਫੈਸਿਲੀਟੇਸ਼ਨ ਸੈਂਟਰ) ਦਾ ਉਦਘਾਟਨ ਕੀਤਾ ਗਿਆ। ਇਹ ਪਹਿਲਕਦਮੀ ਜ਼ਿਲ੍ਹੇ ਦੇ ਸਰਕਾਰੀ ਵਿਭਾਗਾਂ ਵਿੱਚ ਤਕਨਾਲੋਜੀ ਅਧਾਰਤ ਖਰੀਦ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੀਤੀ ਗਈ ਹੈ।

ਸਰਕਾਰੀ ਈ-ਮਾਰਕੀਟਪਲੇਸ (ਜੈਮ ਫੈਸਿਲੀਟੇਸ਼ਨ ਸੈਂਟਰ) ਭਾਰਤ ਸਰਕਾਰ ਦਾ ਆਨਲਾਈਨ ਸਰਕਾਰੀ ਖਰੀਦ ਪਲੇਟਫਾਰਮ ਹੈ, ਜਿਸ ਰਾਹੀਂ ਸਰਕਾਰੀ ਵਿਭਾਗ ਅਤੇ ਵੱਖ-ਵੱਖ ਸਰਕਾਰੀ ਸੰਗਠਨ ਰਜਿਸਟਰਡ ਵਿਕਰੇਤਾਵਾਂ ਤੋਂ ਲੋੜ ਅਨੁਸਾਰ ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਕਰ ਸਕਦੇ ਹਨ। ਇਸ ਪਲੇਟਫਾਰਮ ਰਾਹੀਂ ਸਿੱਧੀ ਖਰੀਦ, ਈ-ਬੋਲੀ ਅਤੇ ਰਿਵਰਸ ਨਿਲਾਮੀ ਸਮੇਤ ਵੱਖ-ਵੱਖ ਡਿਜੀਟਲ ਸਹੂਲਤਾਂ ਉਪਲਬਧ ਹਨ।




ਜੈਮ ਫੈਸਿਲੀਟੇਸ਼ਨ ਸੈਂਟਰ ਦੇ ਲਾਗੂ ਹੋਣ ਨਾਲ ਜ਼ਿਲ੍ਹੇ ਦੇ ਸਰਕਾਰੀ ਵਿਭਾਗ ਇੱਕ ਸਾਂਝੇ ਡਿਜੀਟਲ ਮਾਰਕੀਟਪਲੇਸ ਰਾਹੀਂ ਵੱਖ-ਵੱਖ ਉਤਪਾਦਾਂ ਅਤੇ ਸੇਵਾਵਾਂ ਦੀ ਉਪਲਬਧਤਾ ਦੀ ਜਾਂਚ, ਕੀਮਤਾਂ ਅਤੇ ਵਿਕਲਪਾਂ ਦੀ ਤੁਲਨਾ ਅਤੇ ਨਿਰਧਾਰਤ ਪ੍ਰਕਿਰਿਆ ਅਨੁਸਾਰ ਆਨਲਾਈਨ ਖਰੀਦ ਕਰ ਸਕਣਗੇ। ਇਸ ਨਾਲ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਦੇ ਨਾਲ-ਨਾਲ ਸਮੇਂ ਅਤੇ ਸਰੋਤਾਂ ਦੀ ਬਚਤ ਵਿੱਚ ਵੀ ਮਦਦ ਮਿਲੇਗੀ।

ਇਸ ਪਲੇਟਫਾਰਮ ਦੀ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਸੂਖਮ ਅਤੇ ਛੋਟੇ ਉੱਦਮਾਂ (ਐਮ.ਐਸ.ਐਮ.ਈਜ਼), ਸਟਾਰਟਅੱਪਸ, ਮਹਿਲਾ ਉੱਦਮੀਆਂ ਅਤੇ ਹੋਰ ਯੋਗ ਵਿਕਰੇਤਾਵਾਂ ਨੂੰ ਸਰਕਾਰੀ ਖਰੀਦ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਇੱਕ ਡਿਜੀਟਲ ਮੰਚ ਪ੍ਰਦਾਨ ਕਰਦਾ ਹੈ। ਇਸ ਨਾਲ ਛੋਟੇ ਕਾਰੋਬਾਰਾਂ ਅਤੇ ਸਥਾਨਕ ਉੱਦਮੀਆਂ ਲਈ ਸਰਕਾਰੀ ਬਾਜ਼ਾਰ ਤੱਕ ਪਹੁੰਚ ਦੇ ਮੌਕੇ ਵਧਣ ਦੀ ਉਮੀਦ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਵੱਲੋਂ ਦੱਸਿਆ ਗਿਆ ਕਿ ਇਸ ਜੈਮ ਫੈਸਿਲੀਟੇਸ਼ਨ ਸੈਂਟਰ ਵਿੱਚ ਸਾਰੇ ਹੀ ਐਮ.ਐਸ.ਐਮ.ਈ ਅਤੇ ਇੰਡਸਟਰੀ ਵਾਲੇ ਆਪਣੇ ਆਪ ਨੂੰ ਜੈਮ ਵਿੱਚ ਰਜਿਸਟਰਡ ਕਰਵਾ ਸਕਦੇ ਹਨ। ਸਟਾਫ ਸਿਰਫ ਜੈਮ ਰਜਿਸਟਰੇਸ਼ਨ ਅਤੇ ਲੋਕਾਂ ਦੀ ਸਹੂਲਤ ਲਈ ਉਪਲੱਬਧ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਧੁਨਿਕ ਤਕਨਾਲੋਜੀ ਨੂੰ ਸਰਕਾਰੀ ਕੰਮਕਾਜ ਵਿੱਚ ਅਪਣਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਡਿਜੀਟਲ ਪ੍ਰਣਾਲੀਆਂ ਰਾਹੀਂ ਸਰਕਾਰੀ ਪ੍ਰਕਿਰਿਆਵਾਂ ਨੂੰ ਸਰਲ, ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਵਿਭਾਗਾਂ ਨੂੰ ਜੈਮ ਪਲੇਟਫਾਰਮ ਦੀ ਪ੍ਰਭਾਵਸ਼ਾਲੀ ਵਰਤੋਂ ਕਰਦਿਆਂ ਨਿਰਧਾਰਤ ਨਿਯਮਾਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਵੀ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਪਾਰਦਰਸ਼ੀ ਸਰਕਾਰੀ ਖਰੀਦ ਨਾ ਸਿਰਫ਼ ਪ੍ਰਸ਼ਾਸਨਿਕ ਕੁਸ਼ਲਤਾ ਵਿੱਚ ਵਾਧਾ ਕਰਦੀ ਹੈ, ਸਗੋਂ ਸਰਕਾਰੀ ਸਰੋਤਾਂ ਦੀ ਬਿਹਤਰ ਵਰਤੋਂ ਅਤੇ ਜਨਤਾ ਦੇ ਭਰੋਸੇ ਨੂੰ ਮਜ਼ਬੂਤ ਕਰਨ ਵਿੱਚ ਵੀ ਸਹਾਇਕ ਹੁੰਦੀ ਹੈ।

ਜੈਮ ਫੈਸਿਲੀਟੇਸ਼ਨ ਸੈਂਟਰ ਦੇ ਵਿਸਥਾਰ ਨਾਲ ਲੁਧਿਆਣਾ ਜ਼ਿਲ੍ਹੇ ਵਿੱਚ ਸਰਕਾਰੀ ਖਰੀਦ ਪ੍ਰਕਿਰਿਆ ਵਿੱਚ ਪਾਰਦਰਸ਼ਤਾ, ਮੁਕਾਬਲੇਬਾਜ਼ੀ, ਜਵਾਬਦੇਹੀ ਅਤੇ ਖਰੀਦ ਦੀ ਸੌਖ ਨੂੰ ਹੋਰ ਉਤਸ਼ਾਹਿਤ ਕਰਨ ਦੀ ਉਮੀਦ ਹੈ। ਇਹ ਕਦਮ ਤਕਨਾਲੋਜੀ ਅਧਾਰਤ ਸ਼ਾਸਨ ਨੂੰ ਮਜ਼ਬੂਤ ਕਰਨ ਅਤੇ ਜਨਤਕ ਖਰੀਦ ਨੂੰ ਵਧੇਰੇ ਸੁਚਾਰੂ, ਪਾਰਦਰਸ਼ੀ ਅਤੇ ਕੁਸ਼ਲ ਬਣਾਉਣ ਵੱਲ ਇੱਕ ਅਹਿਮ ਪਹਿਲਕਦਮੀ ਸਾਬਤ ਹੋਵੇਗਾ।

ਇਸ ਮੌਕੇ ਜ਼ਿਲ੍ਹਾ ਮੈਨੇਜਰ ਉਦਯੋਗ ਕੇਂਦਰ ਲੁਧਿਆਣਾ ਸ੍ਰੀ ਮਨਿੰਦਰ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਗੁਰੂ ਨਾਨਕ ਦੇਵ ਪਬਲਿਕ ਸਕੂਲ ਦੀ ਮਨਜੋਤ ਕੌਰ ਨੇ ਭਾਸ਼ਣ ਪ੍ਰਤੀਯੋਗਤਾ 'ਚ ਜਿੱਤਿਆ ਇਨਾਮ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 26 ਅਗਸਤ : ਗੁਰੂ ਨਾਨਕ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਜੀਵਨ ਵਾਲਾ-ਘਣੀਏਵਾਲਾ ਦੀ 11ਵੀਂ ਜਮਾਤ ਦੀ ਵਿਦਿਆਰਥਣ ਮਨਜੋਤ ਕੌਰ ਪੁੱਤਰੀ ਸ. ਮਨਜਿੰਦਰ ਸਿੰਘ ਨੇ 80ਵੇਂ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਕਰਦਿਆਂ 'ਮਾਈ ਵੀਜ਼ਾ ਗਾਈਡ', ਫ਼ਰੀਦਕੋਟ ਰੋਡ, ਕੋਟਕਪੂਰਾ ਵੱਲੋਂ 9ਵੀਂ ਜਮਾਤ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ 'ਮੇਰਾ ਭਾਰਤ, ਮੇਰਾ ਗੌਰਵ' ਵਿਸ਼ੇ 'ਤੇ ਕਰਵਾਈ ਗਈ ਆਨਲਾਈਨ ਭਾਸ਼ਣ ਪ੍ਰਤੀਯੋਗਤਾ ਵਿੱਚ ਉਤਸ਼ਾਹਿਤ ਪੁਰਸਕਾਰ (ਟਰਾਫ਼ੀ, ਮੈਡਲ ਅਤੇ ਸਰਟੀਫ਼ਿਕੇਟ) ਪ੍ਰਾਪਤ ਕੀਤਾ ਹੈ। ਇਸ ਪ੍ਰਾਪਤੀ 'ਤੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਸਕੂਲ ਪ੍ਰਬੰਧਕਾਂ ਨੇ ਇਸ ਪ੍ਰਤੀਯੋਗਤਾ ਨੂੰ ਵਿਦਿਆਰਥੀਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਇੱਕ ਸਾਂਝੇ ਮੰਚ 'ਤੇ ਜੋੜਨ ਵਾਲਾ ਵਧੀਆ ਉਪਰਾਲਾ ਦੱਸਿਆ। ਮੁੱਖ ਮਹਿਮਾਨ ਸ੍ਰੀਮਤੀ ਅੰਜਨਾ ਕੌਸ਼ਲ ਜੀ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਫਰੀਦਕੋਟ, ਦੀ ਸ਼ਮੂਲੀਅਤ ਨੇ ਸਮਾਗਮ ਨੂੰ ਵਿਸ਼ੇਸ਼ ਬਣਾਇਆ ਅਤੇ ਵਿਦਿਆਰਥੀਆਂ ਦਾ ਮਨੋਬਲ ਵਧਾਇਆ। ਸਕੂਲ ਵੱਲੋਂ 'ਮਾਈ ਵੀਜ਼ਾ ਗਾਈਡ' ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਸੋਮਨਾਥ ਕੌੜਾ ਅਤੇ ਸਮੁੱਚੀ ਟੀਮ ਦਾ ਇਸ ਉਪਰਾਲੇ ਲਈ ਦਿਲੋਂ ਧੰਨਵਾਦ ਕੀਤਾ ਗਿਆ। ਸਕੂਲ ਪ੍ਰਿੰਸੀਪਲ ਅਤੇ ਅਧਿਆਪਕਾਂ ਨੇ ਹੋਣਹਾਰ ਵਿਦਿਆਰਥਣ ਨੂੰ ਮੁਬਾਰਕਬਾਦ ਦਿੰਦਿਆਂ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਦਸਮੇਸ਼ ਗਲੋਰੀਅਸ ਸਕੂਲ ਵੱਲੋਂ ਵਿਦਿਆਰਥੀਆਂ ਲਈ ਮਨੋਰੰਜਨ ਟਰਿਪ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 26 ਅਗਸਤ : ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਦੇ 46 ਵਿਦਿਆਰਥੀ ਅੱਜ ਸਵੇਰੇ 8.00 ਵਜੇ ਵਾਟਰ ਪਾਰਕ ਦੀ ਰੋਮਾਂਚਕ ਟਰਿਪ ਲਈ ਰਵਾਨਾ ਹੋਏ। ਸਕੂਲ ਦੇ ਐਮ.ਡੀ ਸਰਦਾਰ ਬਲਜੀਤ ਸਿੰਘ ਨੇ ਬੱਚਿਆਂ ਨੂੰ ਟਰਿਪ 'ਤੇ ਜਾਣ ਲਈ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹਨਾਂ ਦੀ ਦੇਖ-ਰੇਖ ਲਈ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਰੁਬੀਨਾ ਧੀਰ ਅਤੇ 5 ਅਧਿਆਪਕ ਮੈਡਮ ਰਮਨਦੀਪ ਕੌਰ, ਗੁਰਵੀਰ ਕੌਰ, ਅਰਜੋਤ ਕੌਰ, ਅਲੀਸ਼ਾ, ਸੁਖਦੀਪ ਕੌਰ ਨਾਲ ਗਏ। ਬੱਚਿਆਂ ਨੇ ਬੱਸ ਵਿੱਚ ਡਾਂਸ ਕਰਕੇ, ਗੀਤ ਗਾ ਕੇ ਖੂਬ ਮਜ਼ੇ ਕੀਤੇ। ਵਾਟਰ ਪਾਰਕ ਪਹੁੰਚਣ 'ਤੇ ਵਿਦਿਆਰਥੀਆਂ ਦਾ ਸ਼ਾਨਦਾਰ ਅਤੇ ਨਿੱਘਾ ਸਵਾਗਤ ਕੀਤਾ ਗਿਆ। ਸਭ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਵੈਲਕਮ ਡਰਿੰਕ ਦਿੱਤੀ ਗਈ ਅਤੇ ਨਾਲ ਸਨੈਕਸ ਦਿੱਤੇ ਗਏ। ਉਸ ਤੋਂ ਬਾਅਦ ਵਿਦਿਆਰਥੀਆਂ ਨੇ ਵੱਖ-ਵੱਖ ਸਲਾਈਡਾਂ ਅਤੇ ਮਨੋਰੰਜਨ ਗਤੀਵਿਧੀਆਂ ਦਾ ਖੂਬ ਆਨੰਦ ਮਾਣਿਆ। ਵਾਟਰ ਸਲਾਈਡਾਂ ਦਾ ਆਨੰਦ ਲੈਣ ਤੋਂ ਬਾਅਦ ਵਿਦਿਆਰਥੀਆਂ ਨੂੰ ਦੁਪਹਿਰ ਦੇ ਖਾਣ ਵਿੱਚ ਵੱਖ-ਵੱਖ ਤਰ੍ਹਾਂ ਦੇ ਪਕਵਾਨ ਪਰੋਸੇ ਗਏ। ਬੱਚਿਆਂ ਨੇ ਹਰ ਇੱਕ ਪਕਵਾਨ ਦਾ ਖੂਬ ਆਨੰਦ ਮਾਣਿਆ। ਅੰਤ ਵਿੱਚ ਵਾਪਸੀ ਤੇ ਬੱਚਿਆਂ ਨੂੰ ਆਈਸਕ੍ਰੀਮ ਦੇ ਕੇ ਰਵਾਨਾ ਕੀਤਾ ਗਿਆ ਇਹ ਟਰਿਪ ਬੱਚਿਆਂ ਲਈ ਅਮਿੱਟ ਯਾਦਾਂ ਛੱਡ ਗਿਆ।

## ਸਰੀ ਵਿੱਚ 'ਸਿੱਖ ਵਾਰੀਅਰ 2026' ਰਾਹੀਂ ਸਿੱਖਾਂ ਦੀ ਪੁਰਾਤਨ ਯੁੱਧ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ

### ਅਮਰੀਕਾ ਤੇ ਕੈਨੇਡਾ ਤੋਂ ਪੁੱਜੇ ਵਿਦਿਆਰਥੀਆਂ ਦੇ ਘੋੜਸਵਾਰੀ, ਤੀਰਅੰਦਾਜ਼ੀ, ਨੇਜ਼ੇਬਾਜ਼ੀ ਤੇ ਪੁਰਾਤਨ ਸ਼ਸਤਰ-ਵਿਦਿਆ ਮੁਕਾਬਲਿਆਂ ਨੇ ਬੰਨ੍ਹਿਆ ਸਮਾਂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ





ਸਰੀ, 26 ਅਗਸਤ : ਸਿੱਖ ਵਿਰਾਸਤ, ਪੁਰਾਤਨ ਯੁੱਧ ਕਲਾ ਅਤੇ ਖ਼ਾਲਸਾਈ ਰਵਾਇਤਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਅਕਾਲ ਖ਼ਾਲਸਾ ਮਾਰਸ਼ਲ ਆਰਟ ਵੱਲੋਂ ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ ਦੇ ਸਹਿਯੋਗ ਨਾਲ ਦੋ ਰੋਜ਼ਾ 'ਸਿੱਖ ਵਾਰੀਅਰ 2026' ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਅਤੇ ਅਮਰੀਕਾ ਤੋਂ ਪੁੱਜੇ 100 ਦੇ ਕਰੀਬ ਵਿਦਿਆਰਥੀਆਂ ਨੇ ਪੁਰਾਤਨ ਯੁੱਧ ਕਲਾ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਆਪਣੀ ਕਲਾ, ਹਿੰਮਤ ਅਤੇ ਜੌਹਰ ਦਿਖਾਏ।

ਮੁਕਾਬਲਿਆਂ ਦੀ ਕੋਆਰਡੀਨੇਟਰ ਮਿਲਨਜੀਤ ਕੌਰ ਖ਼ਾਲਸਾ ਨੇ ਦੱਸਿਆ ਕਿ ਇਸ ਸਮਾਗਮ ਦਾ ਮਕਸਦ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਦਿਆਂ ਪੁਰਾਤਨ ਸ਼ਸਤਰ-ਵਿਦਿਆ ਅਤੇ ਖ਼ਾਲਸਾਈ ਯੋਧਾ ਪਰੰਪਰਾ ਨਾਲ ਜਾਣੂ ਕਰਵਾਉਣਾ ਹੈ। ਸਮਾਗਮ ਦੌਰਾਨ ਖ਼ਾਲਸਾਈ ਬਾਣੇ ਵਿੱਚ ਸਜੇ ਬੱਚਿਆਂ ਅਤੇ ਨੌਜਵਾਨਾਂ ਨੇ ਆਪਣੀ ਸ਼ਾਨਦਾਰ ਪੇਸ਼ਕਾਰੀ ਰਾਹੀਂ ਸਿੱਖੀ ਦੇ ਰੰਗ ਨੂੰ ਹੋਰ ਗੂੜ੍ਹਾ ਕਰ ਦਿੱਤਾ।

ਮੈਦਾਨ ਵਿੱਚ ਘੋੜਿਆਂ ਦੀਆਂ ਕਾਠੀਆਂ 'ਤੇ ਸਵਾਰ ਨੰਨ੍ਹੇ ਯੋਧਿਆਂ ਤੋਂ ਲੈ ਕੇ ਨੌਜਵਾਨਾਂ ਤੱਕ ਨੇ ਤੀਰ ਅੰਦਾਜ਼ੀ, ਨੇਜ਼ੇਬਾਜ਼ੀ ਅਤੇ ਕਿੱਲੇ ਪੁੱਟਣ ਵਰਗੇ ਦਿਲਚਸਪ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਸ ਤੋਂ ਬਾਅਦ ਦੋ ਦਿਨ ਤੱਕ ਕਿਰਪਾਨ, ਤੀਰ-ਕਮਾਨ, ਖੰਡੇ, ਨੇਜ਼ੇ ਅਤੇ ਹੋਰ ਪੁਰਾਤਨ ਸ਼ਸਤਰਾਂ ਦੀ ਕਲਾ ਦਾ ਅਜਿਹਾ ਪ੍ਰਦਰਸ਼ਨ ਹੋਇਆ ਕਿ ਦਰਸ਼ਕਾਂ ਦੇ ਜੈਕਾਰਿਆਂ ਨਾਲ ਮਾਹੌਲ ਗੂੰਜਦਾ ਰਿਹਾ।

ਨੀਲੇ ਅਤੇ ਕੇਸਰੀ ਬਾਣਿਆਂ ਵਿੱਚ ਸਜੇ ਬੱਚਿਆਂ ਦੀਆਂ ਕਤਾਰਾਂ, ਘੋੜਿਆਂ ਦੀਆਂ ਟਾਪਾਂ, ਸ਼ਸਤਰਾਂ ਦੀ ਛਣਕਾਰ ਅਤੇ ਗੂੰਜਦੇ ਜੈਕਾਰਿਆਂ ਨੇ ਸਮਾਗਮ ਨੂੰ ਇਤਿਹਾਸਕ ਰੰਗਤ ਬਖ਼ਸ਼ੀ। ਦੋਵੇਂ ਦਿਨ ਮੁਕਾਬਲੇ ਬੇਹੱਦ ਰੌਚਕ ਅਤੇ ਫਸਵੇਂ ਰਹੇ, ਜਿਸ ਕਾਰਨ ਸੰਗਤ ਵੱਡੀ ਗਿਣਤੀ ਵਿੱਚ ਪਹੁੰਚ ਕੇ ਮੁਕਾਬਲਿਆਂ ਦਾ ਆਨੰਦ ਮਾਣਦੀ ਰਹੀ।

ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ 'ਰਣ ਦੇ ਸੂਰਮੇ', 'ਯੋਧੇ', 'ਤੱਤ ਖ਼ਾਲਸੇ', 'ਨਿਪੁੰਨ ਯੋਧੇ', 'ਸਿੱਖ ਵਾਰੀਅਰ', 'ਸਿੰਘ ਸੂਰਮੇ' ਅਤੇ 'ਕੌਰ ਵਾਰੀਅਰ' ਸਮੇਤ ਵੱਖ-ਵੱਖ ਪੁਰਾਤਨ ਰਵਾਇਤੀ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਜੇਤੂਆਂ ਨੂੰ ਗੋਲਡਨ ਅਤੇ ਚਾਂਦੀ ਦੀਆਂ ਢਾਲਾਂ, ਕਿਰਪਾਨਾਂ, ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਵਾਲੀਆਂ ਟੀ-ਸ਼ਰਟਾਂ ਅਤੇ ਹੁੱਡੀਆਂ ਵੀ ਇਨਾਮ ਵਜੋਂ ਦਿੱਤੀਆਂ ਗਈਆਂ।

ਸਮਾਗਮ ਦੇ ਮੁੱਖ ਪ੍ਰਬੰਧਕ ਭਾਈ ਜਗਜੀਤ ਸਿੰਘ ਨਿੱਜਰ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ, ਸਹਿਯੋਗੀ ਸੰਸਥਾਵਾਂ ਅਤੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਦਾ ਪ੍ਰਭਾਵਸ਼ਾਲੀ ਸਾਧਨ ਹਨ। ਉਨ੍ਹਾਂ ਕਿਹਾ ਕਿ ਜੇਤੂ ਵਿਦਿਆਰਥੀ ਹੀ ਨਹੀਂ, ਸਗੋਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲਾ ਹਰ ਬੱਚਾ ਆਪਣੇ ਆਪ ਵਿੱਚ 'ਖ਼ਾਲਸਾਈ ਯੋਧਾ' ਹੈ।

ਇਸ ਮੌਕੇ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਗੁਰਦੀਪ ਸਿੰਘ ਸਮਰਾ, ਭਾਈ ਜਸਵੀਰ ਸਿੰਘ, ਅਮਨਦੀਪ ਸਿੰਘ ਗਰਚਾ, ਦਿਵਿਆਦੀਪ ਸਿੰਘ, ਨਵਕਿਰਨ ਸਿੰਘ, ਭਾਈ ਸਾਹਿਬ ਸਿੰਘ, ਗੁਰਪ੍ਰੀਤ ਸਿੰਘ ਵਿਨੀਪੈਗ, ਹਰਜਾਪ ਸਿੰਘ, ਗੁਰਸੇਵਕ ਸਿੰਘ, ਹਰਮਨ ਸਿੰਘ, ਭਾਈ ਜੋਬਨਦੀਪ ਸਿੰਘ, ਰੁਪਿੰਦਰ ਸਿੰਘ ਰੂਪੀ ਅਤੇ ਦਲਜੀਤ ਸਿੰਘ ਸਮੇਤ ਹੋਰ ਪ੍ਰਬੰਧਕਾਂ ਅਤੇ ਬੀਬੀਆਂ ਨੇ ਅਹਿਮ ਭੂਮਿਕਾ ਨਿਭਾਈ।

## ਸਮਰਾਲਾ ਵਿੱਚ ਮੀਆਵਾਕੀ ਤਕਨੀਕ ਰਾਹੀਂ ਲਗਾਏ ਮੂਲ ਪੌਦੇ, ਹਰਿਆ-ਭਰਿਆ ਪੰਜਾਬ ਬਣਾਉਣ ਵੱਲ ਕਦਮ

### *ਜ਼ਿਲ੍ਹਾ ਪ੍ਰਸ਼ਾਸਨ, ਸੋਚ ਐਨ.ਜੀ.ਓ. ਤੇ ਵੀਰਵਨਮ ਫਾਊਂਡੇਸ਼ਨ ਵੱਲੋਂ ਸਾਂਝੀ ਹਰਿਆਵਲੀ ਮੁਹਿੰਮ*

### ਮੂਲ ਪੌਦੇ ਲਗਾ ਕੇ ਕੁਦਰਤ ਦੀ ਰੱਖਿਆ ਵੱਲ ਸਮਰਾਲਾ ਵਿੱਚ ਅਹਿਮ ਪਹਿਲ


ਲੁਧਿਆਣਾ, 26 ਅਗਸਤ : ਲੁਧਿਆਣਾ ਜ਼ਿਲ੍ਹੇ ਵਿੱਚ ਸਰਕਾਰੀ ਖਰੀਦ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ, ਕੁਸ਼ਲ ਅਤੇ ਡਿਜੀਟਲ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ, ਆਈ.ਏ.ਐਸ. ਵੱਲੋਂ ਜ਼ਿਲ੍ਹਾ ਉਦਯੋਗ ਕੇਂਦਰ ਲੁਧਿਆਣਾ ਵਿਖੇ ਸਰਕਾਰੀ ਈ-ਮਾਰਕੀਟਪਲੇਸ (ਜੈਮ ਫੈਸਿਲੀਟੇਸ਼ਨ ਸੈਂਟਰ) ਦਾ ਉਦਘਾਟਨ ਕੀਤਾ ਗਿਆ। ਇਹ ਪਹਿਲਕਦਮੀ ਜ਼ਿਲ੍ਹੇ ਦੇ ਸਰਕਾਰੀ ਵਿਭਾਗਾਂ ਵਿੱਚ ਤਕਨਾਲੋਜੀ ਅਧਾਰਤ ਖਰੀਦ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੀਤੀ ਗਈ ਹੈ।

ਸਰਕਾਰੀ ਈ-ਮਾਰਕੀਟਪਲੇਸ (ਜੈਮ ਫੈਸਿਲੀਟੇਸ਼ਨ ਸੈਂਟਰ) ਭਾਰਤ ਸਰਕਾਰ ਦਾ ਆਨਲਾਈਨ ਸਰਕਾਰੀ ਖਰੀਦ ਪਲੇਟਫਾਰਮ ਹੈ, ਜਿਸ ਰਾਹੀਂ ਸਰਕਾਰੀ ਵਿਭਾਗ ਅਤੇ ਵੱਖ-ਵੱਖ ਸਰਕਾਰੀ ਸੰਗਠਨ ਰਜਿਸਟਰਡ ਵਿਕਰੇਤਾਵਾਂ ਤੋਂ ਲੋੜ ਅਨੁਸਾਰ ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਕਰ ਸਕਦੇ ਹਨ। ਇਸ ਪਲੇਟਫਾਰਮ ਰਾਹੀਂ ਸਿੱਧੀ ਖਰੀਦ, ਈ-ਬੋਲੀ ਅਤੇ ਰਿਵਰਸ ਨਿਲਾਮੀ ਸਮੇਤ ਵੱਖ-ਵੱਖ ਡਿਜੀਟਲ ਸਹੂਲਤਾਂ ਉਪਲਬਧ ਹਨ।







ਜੈਮ ਫੈਸਿਲੀਟੇਸ਼ਨ ਸੈਂਟਰ ਦੇ ਲਾਗੂ ਹੋਣ ਨਾਲ ਜ਼ਿਲ੍ਹੇ ਦੇ ਸਰਕਾਰੀ ਵਿਭਾਗ ਇੱਕ ਸਾਂਝੇ ਡਿਜੀਟਲ ਮਾਰਕੀਟਪਲੇਸ ਰਾਹੀਂ ਵੱਖ-ਵੱਖ ਉਤਪਾਦਾਂ ਅਤੇ ਸੇਵਾਵਾਂ ਦੀ ਉਪਲਬਧਤਾ ਦੀ ਜਾਂਚ, ਕੀਮਤਾਂ ਅਤੇ ਵਿਕਲਪਾਂ ਦੀ ਤੁਲਨਾ ਅਤੇ ਨਿਰਧਾਰਤ ਪ੍ਰਕਿਰਿਆ ਅਨੁਸਾਰ ਆਨਲਾਈਨ ਖਰੀਦ ਕਰ ਸਕਣਗੇ। ਇਸ ਨਾਲ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਦੇ ਨਾਲ-ਨਾਲ ਸਮੇਂ ਅਤੇ ਸਰੋਤਾਂ ਦੀ ਬਚਤ ਵਿੱਚ ਵੀ ਮਦਦ ਮਿਲੇਗੀ।

ਇਸ ਪਲੇਟਫਾਰਮ ਦੀ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਸੂਖਮ ਅਤੇ ਛੋਟੇ ਉੱਦਮਾਂ (ਐਮ.ਐਸ.ਐਮ.ਈਜ਼), ਸਟਾਰਟਅੱਪਸ, ਮਹਿਲਾ ਉੱਦਮੀਆਂ ਅਤੇ ਹੋਰ ਯੋਗ ਵਿਕਰੇਤਾਵਾਂ ਨੂੰ ਸਰਕਾਰੀ ਖਰੀਦ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਇੱਕ ਡਿਜੀਟਲ ਮੰਚ ਪ੍ਰਦਾਨ ਕਰਦਾ ਹੈ। ਇਸ ਨਾਲ ਛੋਟੇ ਕਾਰੋਬਾਰਾਂ ਅਤੇ ਸਥਾਨਕ ਉੱਦਮੀਆਂ ਲਈ ਸਰਕਾਰੀ ਬਾਜ਼ਾਰ ਤੱਕ ਪਹੁੰਚ ਦੇ ਮੌਕੇ ਵਧਣ ਦੀ ਉਮੀਦ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਵੱਲੋਂ ਦੱਸਿਆ ਗਿਆ ਕਿ ਇਸ ਜੈਮ ਫੈਸਿਲੀਟੇਸ਼ਨ ਸੈਂਟਰ ਵਿੱਚ ਸਾਰੇ ਹੀ ਐਮ.ਐਸ.ਐਮ.ਈ ਅਤੇ ਇੰਡਸਟਰੀ ਵਾਲੇ ਆਪਣੇ ਆਪ ਨੂੰ ਜੈਮ ਵਿੱਚ ਰਜਿਸਟਰਡ ਕਰਵਾ ਸਕਦੇ ਹਨ। ਸਟਾਫ ਸਿਰਫ ਜੈਮ ਰਜਿਸਟਰੇਸ਼ਨ ਅਤੇ ਲੋਕਾਂ ਦੀ ਸਹੂਲਤ ਲਈ ਉਪਲੱਬਧ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਧੁਨਿਕ ਤਕਨਾਲੋਜੀ ਨੂੰ ਸਰਕਾਰੀ ਕੰਮਕਾਜ ਵਿੱਚ ਅਪਣਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਡਿਜੀਟਲ ਪ੍ਰਣਾਲੀਆਂ ਰਾਹੀਂ ਸਰਕਾਰੀ ਪ੍ਰਕਿਰਿਆਵਾਂ ਨੂੰ ਸਰਲ, ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਵਿਭਾਗਾਂ ਨੂੰ ਜੈਮ ਪਲੇਟਫਾਰਮ ਦੀ ਪ੍ਰਭਾਵਸ਼ਾਲੀ ਵਰਤੋਂ ਕਰਦਿਆਂ ਨਿਰਧਾਰਤ ਨਿਯਮਾਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਵੀ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਪਾਰਦਰਸ਼ੀ ਸਰਕਾਰੀ ਖਰੀਦ ਨਾ ਸਿਰਫ਼ ਪ੍ਰਸ਼ਾਸਨਿਕ ਕੁਸ਼ਲਤਾ ਵਿੱਚ ਵਾਧਾ ਕਰਦੀ ਹੈ, ਸਗੋਂ ਸਰਕਾਰੀ ਸਰੋਤਾਂ ਦੀ ਬਿਹਤਰ ਵਰਤੋਂ ਅਤੇ ਜਨਤਾ ਦੇ ਭਰੋਸੇ ਨੂੰ ਮਜ਼ਬੂਤ ਕਰਨ ਵਿੱਚ ਵੀ ਸਹਾਇਕ ਹੁੰਦੀ ਹੈ।

ਜੈਮ ਫੈਸਿਲੀਟੇਸ਼ਨ ਸੈਂਟਰ ਦੇ ਵਿਸਥਾਰ ਨਾਲ ਲੁਧਿਆਣਾ ਜ਼ਿਲ੍ਹੇ ਵਿੱਚ ਸਰਕਾਰੀ ਖਰੀਦ ਪ੍ਰਕਿਰਿਆ ਵਿੱਚ ਪਾਰਦਰਸ਼ਤਾ, ਮੁਕਾਬਲੇਬਾਜ਼ੀ, ਜਵਾਬਦੇਹੀ ਅਤੇ ਖਰੀਦ ਦੀ ਸੌਖ ਨੂੰ ਹੋਰ ਉਤਸ਼ਾਹਿਤ ਕਰਨ ਦੀ ਉਮੀਦ ਹੈ। ਇਹ ਕਦਮ ਤਕਨਾਲੋਜੀ ਅਧਾਰਤ ਸ਼ਾਸਨ ਨੂੰ ਮਜ਼ਬੂਤ ਕਰਨ ਅਤੇ ਜਨਤਕ ਖਰੀਦ ਨੂੰ ਵਧੇਰੇ ਸੁਚਾਰੂ, ਪਾਰਦਰਸ਼ੀ ਅਤੇ ਕੁਸ਼ਲ ਬਣਾਉਣ ਵੱਲ ਇੱਕ ਅਹਿਮ ਪਹਿਲਕਦਮੀ ਸਾਬਤ ਹੋਵੇਗਾ।

ਇਸ ਮੌਕੇ ਜ਼ਿਲ੍ਹਾ ਮੈਨੇਜਰ ਉਦਯੋਗ ਕੇਂਦਰ ਲੁਧਿਆਣਾ ਸ੍ਰੀ ਮਨਿੰਦਰ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਮਿਸ਼ਨ ਕਲੀਨ ਪਟਿਆਲਾ: ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਟਿਆਲਾ ਸ਼ਹਿਰ ਵਿੱਚ ਦੋ ਵੱਡੀਆਂ ਸਫਾਈ ਮੁਹਿੰਮਾਂ ਦੀ ਅਗਵਾਈ ਕੀਤੀ

ਪਟਿਆਲਾ, 26 ਅਗਸਤ : ਸ਼ਹਿਰ ਦੀਆਂ ਜਨਤਕ ਥਾਵਾਂ ਅਤੇ ਸੜਕਾਂ ਦੀ ਸਮੂਹਿਕ ਸਫਾਈ ਨੂੰ ਉਤਸ਼ਾਹਿਤ ਕਰਨ ਲਈ ਮਿਸ਼ਨ ਕਲੀਨ ਪਟਿਆਲਾ ਤਹਿਤ ਗਤੀਵਿਧੀਆਂ ਨੂੰ ਜਾਰੀ ਰੱਖਦੇ ਹੋਏ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਦਫ਼ਤਰ ਡਿਪਟੀ ਕਮਿਸ਼ਨਰ ਤੇ ਨਗਰ ਨਿਗਮ ਦੇ ਸਹਿਯੋਗ ਨਾਲ ਅੱਜ ਦੋ ਵੱਡੀਆਂ ਸਫਾਈ ਮੁਹਿੰਮਾਂ ਦੀ ਅਗਵਾਈ ਕੀਤੀ। ਪਹਿਲੀ ਸਫਾਈ ਮੁਹਿੰਮ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੜਕ ਦੇ ਨਾਲ, ਥਾਪਰ ਚੌਂਕ ਤੋਂ ਗੁਰਦੁਆਰਾ ਦੁਖਨਿਵਾਰਨ ਸਾਹਿਬ ਤੱਕ ਚਲਾਈ ਗਈ, ਜਿਸ ਵਿੱਚ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਅਤੇ ਡੀਸੀ ਦਫਤਰ, ਲੋਕ ਨਿਰਮਾਣ, ਆਰਟੀਓ, ਜੰਗਲਾਤ ਵਿਭਾਗ, ਕੇਂਦਰੀ ਜੇਲ੍ਹ, ਰੈੱਡ ਕਰਾਸ ਸੋਸਾਇਟੀ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਅਤੇ ਸਟਾਫ ਨੇ ਉਤਸ਼ਾਹੀ ਨਾਲ ਹਿੱਸਾ ਲਿਆ। ਕੂੜਾ-ਕਰਕਟ, ਲੰਬੇ ਸਮੇਂ ਤੋਂ ਪਈ ਰਹਿੰਦ-ਖੂੰਹਦ ਅਤੇ ਬਾਗਬਾਨੀ ਰਹਿੰਦ-ਖੂੰਹਦ ਨੂੰ ਸੜਕ ਦੇ ਕਿਨਾਰੇ ਤੋਂ ਸਾਫ਼ ਕੀਤਾ ਗਿਆ। ਨਗਰ ਨਿਗਮ ਦੀਆਂ ਟੀਮਾਂ ਨੇ ਕੂੜੇ ਦੇ ਢੇਰਾਂ ਨੂੰ ਸਾਫ਼ ਕਰਨ ਅਤੇ ਸਹੀ ਪ੍ਰਬੰਧਨ ਲਈ ਸਹਾਇਤਾ ਕੀਤੀ।






ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ ਅਤੇ ਸਹਾਇਕ ਕਮਿਸ਼ਨਰ (ਜਨਰਲ) ਹਰਜੋਤ ਕੌਰ ਮਾਵੀ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਸੜਕ ਦੇ ਨਾਲ-ਨਾਲ ਵਾਰ-ਵਾਰ ਕੂੜਾ ਸੁੱਟਦੇ ਪਾਏ ਵਿਕਰੇਤਾਵਾਂ ਵਿਰੁੱਧ ਢੁਕਵੀਂ ਕਾਰਵਾਈ ਯਕੀਨੀ ਬਣਾਉਣ ਦੀ ਗੱਲ ਆਖੀ। ਪੀਪੀਸੀਬੀ ਵੱਲੋਂ ਪਲੇਅ ਵੇਜ਼ ਸਕੂਲ ਦੇ ਸਹਿਯੋਗ ਨਾਲ ਚਲਾਈ ਦੂਜੀ ਸਫਾਈ ਮੁਹਿੰਮ ਵਿੱਚ ਪਟਿਆਲਾ ਰੇਲਵੇ ਸਟੇਸ਼ਨ ਤੋਂ ਫਾਊਂਟੇਨ ਚੌਂਕ ਤੱਕ ਦੇ ਹਿੱਸੇ ਨੂੰ ਕਵਰ ਕੀਤਾ ਗਿਆ। ਪ੍ਰਿੰਸੀਪਲ, ਸਟਾਫ਼ ਅਤੇ ਅੱਠਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਰਸਤੇ ਵਿੱਚ ਪਲਾਸਟਿਕ ਦੇ ਕੂੜੇ ਨੂੰ ਸਾਫ਼ ਕਰਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਓਮੈਕਸ ਮਾਲ ਦੇ ਸਟਾਫ਼ ਮੈਂਬਰ ਵੀ ਸਫਾਈ ਪਹਿਲਕਦਮੀ ਵਿੱਚ ਸ਼ਾਮਲ ਹੋਏ।

ਪੀਪੀਸੀਬੀ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਕਿਹਾ, “ਹਵਾ ਪ੍ਰਦੂਸ਼ਣ, ਖਾਸ ਕਰਕੇ ਧੂੜ ਪ੍ਰਦੂਸ਼ਣ, ਪਟਿਆਲਾ ਸ਼ਹਿਰ ਦੀ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਕਾਰਕਾਂ ਵਿੱਚੋਂ ਇੱਕ ਹੈ ਅਤੇ ਇਸ ਦੇ ਤੁਰੰਤ ਹੱਲ ਦੀ ਲੋੜ ਹੈ। ਮਿਸ਼ਨ ਕਲੀਨ ਪਟਿਆਲਾ ਰਾਹੀਂ, ਸਫਾਈ ਵਿੱਚ ਸੁਧਾਰ ਕਰਕੇ ਅਤੇ ਸੜਕਾਂ ਅਤੇ ਜਨਤਕ ਥਾਵਾਂ ‘ਤੇ ਰਹਿੰਦ-ਖੂੰਹਦ ਅਤੇ ਧੂੜ ਦੇ ਜਮ੍ਹਾਂ ਹੋਣ ਨੂੰ ਘਟਾ ਕੇ ਧੂੜ ਪ੍ਰਦੂਸ਼ਣ ਨੂੰ ਹੱਲ ਕਰਨ ਲਈ ਠੋਸ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਰੇਕ ਨਾਗਰਿਕ, ਸੰਸਥਾ, ਦਫ਼ਤਰ ਅਤੇ ਕਾਰੋਬਾਰੀ ਅਦਾਰੇ ਨੂੰ ਆਪਣੇ ਅਹਾਤੇ ਦੇ ਬਾਹਰ ਸੜਕ ਅਤੇ ਜਨਤਕ ਥਾਂ ਦੀ ਸਫਾਈ ਬਣਾਈ ਰੱਖਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਅੱਜ ਦੀਆਂ ਮੁਹਿੰਮਾਂ ਵਿੱਚ ਵਿਦਿਆਰਥੀਆਂ, ਸਰਕਾਰੀ ਵਿਭਾਗਾਂ ਅਤੇ ਨਿੱਜੀ ਸੰਗਠਨਾਂ ਦੀ ਉਤਸ਼ਾਹੀ ਭਾਗੀਦਾਰੀ ਦਰਸਾਉਂਦੀ ਹੈ ਕਿ ਜਦੋਂ ਸਮਾਜ ਦੇ ਹਰ ਵਰਗ ਦੇ ਲੋਕ ਇਕੱਠੇ ਕੰਮ ਕਰਦੇ ਹਨ ਤਾਂ ਪ੍ਰਾਪਤੀਆਂ ਯਕੀਨੀ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪੀਪੀਸੀਬੀ ਇਸ ਗਤੀ ਨੂੰ ਬਣਾਉਣ ਅਤੇ ਸਫਾਈ, ਵਾਤਾਵਰਣ ਜ਼ਿੰਮੇਵਾਰੀ ਅਤੇ ਧੂੜ ਪ੍ਰਦੂਸ਼ਣ ਦੀ ਰੋਕਥਾਮ ਨੂੰ ਪਟਿਆਲਾ ਭਰ ਵਿੱਚ ਇੱਕ ਸਾਂਝੀ ਜ਼ਿੰਮੇਵਾਰੀ ਬਣਾਉਣ ਲਈ ਸਾਰੇ ਹਿੱਸੇਦਾਰਾਂ ਨਾਲ ਕੰਮ ਕਰਨਾ ਜਾਰੀ ਰੱਖੇਗਾ।”

## ਗੁਰੂ ਨਾਨਕ ਨੂੰ ਪੁਕਾਰ



ਰਮਿੰਦਰ ਰੰਮੀ

ਮੇਰੇ ਬਾਬਾ ਨਾਨਕ ਜੀ
ਤੁਸੀਂ ਇਕ ਵਾਰ ਆ ਕੇ ਦੇਖੋ
ਮੇਰੀ ਰੂਹ ਪਈ ਪੁਕਾਰਦੀ ਹੈ
ਕਹਿੰਦੇ ਨੇ ਜੱਦ ਜ਼ੁਲਮ ਦੀ
ਅੱਤ ਹੋ ਜਾਂਦੀ ਹੈ ਤਾਂ ਕੋਈ
ਮਹਾਂਪੁਰਖ ਅਵਤਾਰ ਧਾਰਦੇ ਨੇ
ਤੁਸੀਂ ਇਕ ਵਾਰ ਆ ਕੇ
ਦੇਖੋ ਤੇ ਸਹੀ ਕਿਵੇਂ
ਜ਼ੁਲਮਾਂ ਦੀ ਹਨੇਰੀ
ਆਈ ਹੋਈ ਹੈ
ਤੇਰਾਂ ਤੇਰਾਂ ਤੋਲਣ ਦੀ ਜਗਹ
ਲੋਕ ਝੂਠ ਤੇ ਕੁਫ਼ਰ
ਪਏ ਤੋਲ ਰਹੇ ਨੇ
ਅੱਜ ਕੋਧਰੇ ਦੀ ਰੋਟੀ
ਕਿਤੇ ਨਜ਼ਰ ਨਹੀਂ ਆ ਰਹੀ
ਤੁਸੀਂ ਸਾਂਝੀਵਾਲਤਾ ਦਾ
ਉਪਦੇਸ਼ ਦਿੱਤਾ ਸੀ
ਅੱਜ ਭਾਈ ਭਾਈ ਵਿੱਚ
ਵੰਡੀਆਂ ਪਈਆਂ ਹੋਈਆਂ ਨੇ
ਤੁਸੀਂ ਔਰਤ ਨੂੰ
ਸੋ ਕਿਉਂ ਮੰਦਾ ਆਖੀਐ
ਜਿੱਤ ਜੰਮੈ ਰਾਜਾਨ
ਕਹਿ ਕੇ ਨਿਵਾਜਿਆ ਸੀ
ਅਜੇ ਵੀ ਮਰਦ ਵੱਲੋਂ
ਔਰਤ ਨੂੰ ਦੁਤਕਾਰਿਆ
ਜਾ ਰਿਹਾ ਹੈ
ਕੁੜੀਆਂ ਔਰਤਾਂ ਤੇ ਮਾਸੂਮ
ਬੱਚੀਆਂ ਦੀ ਪੱਤ ਲੁੱਟੀ ਜਾ ਰਹੀ ਹੈ
ਬਾਬਾ ਜੀ ਤੁਸੀਂ ਆਉ
ਇਕ ਵਾਰ ਆ ਕੇ ਦੇਖੋ ਤੇ ਸਹੀ
ਕਿਵੇਂ ਛੱਲ ਕਪਟ ਝੂਠ ਤੇ
ਹੋਰ ਜ਼ੁਲਮਾਂ ਦੀ ਹਨੇਰੀ
ਝੂਲ ਰਹੀ ਹੈ
ਨੌਜਵਾਨ ਨਸ਼ੇੜੀ ਹੋ ਰਹੇ ਨੇ
ਕਿਸਾਨ ਖੁਦਕਸ਼ੀਆਂ ਕਰਨ ਲਈ
ਮਜ਼ਬੂਰ ਹੋ ਰਹੇ ਨੇ
ਬਾਬਾ ਜੀ ਇਕ ਵਾਰ
ਆ ਕੇ ਦੇਖੋ ਤੇ ਸਹੀ
ਲੋਕ ਤੁਹਾਡੇ ਦਰਸਾਏ ਮਾਰਗ ਤੋਂ
ਭੱਟਕ ਗਏ ਨੇ
ਸਾਨੂੰ ਅੱਜ ਫ਼ਿਰ ਤੁਹਾਡੀ
ਬਹੁਤ ਲੋੜ ਹੈ
ਤੁਹਾਡੀ ਬੱਚੀ ਦਿਨੇ ਰਾਤ
ਬਿਹਬਲ ਹੋਈ ਵਿਰਲਾਪ ਕਰ ਰਹੀ ਹੈ
ਬਾਬਾ ਜੀ ਤੁਸੀਂ ਇਕ ਵਾਰ
ਆ ਕੇ ਦੇਖੋ ਤੇ ਸਹੀ
ਬਾਬਾ ਜੀ ਬੱਸ ਇਕ ਵਾਰ
ਫ਼ਿਰ ਬਹੁੜ ਪਵੋ ਤੇ
ਸੁੱਤੀ ਹੋਈ ਕੁਰਾਹੇ ਪਈ
ਭੱਟਕੀ ਹੋਈ ਜਨਤਾ ਨੂੰ
ਸਹੀ ਰਸਤਾ ਦਿਖਾ ਦਿਉ
ਮੇਰੇ ਬਾਬਾ ਜੀ ਇਕ ਵਾਰ
ਆ ਕੇ ਦਰਸ ਦਿਉ
ਤੁਹਾਡੀ ਇਹ ਨਿਮਾਣੀ ਬੱਚੀ
ਪੁਕਾਰ ਰਹੀ ਹੈ
ਮੇਰੇ ਬਾਬਾ ਜੀ ਤੁਸੀਂ
ਇਕ ਵਾਰ ਆ ਕੇ
ਦੇਖੋ ਤੇ ਸਹੀ ।

( ਗੁਰ ਬਿਨੁ ਘੋਰ ਅੰਧਾਰ )

# ਸੁਖਬੀਰ ਸੰਧੂ ਦੇ ਜੱਦੀ ਪਿੰਡ ਕਲਸੀਆਂ ਖੁਰਦ (ਨੇੜੇ ਖਾਲੜਾ) ਵਿਖੇ ‘ਪਾਇਲ’ ਦਾ 53 ਸਾਲਾਂ ਬਾਅਦ ਪੁਨਰ ਜਨਮ ਰਿਲੀਜ਼ ਸਮਾਰੋਹ

## ਪਿੰਡ ਵਾਸੀਆਂ ਸ. ਸੁਰਜੀਤ ਸਿੰਘ ਸੰਧੂ ਦੀ ਪਹਿਲਕਦਮੀ ਤੇ ਘਰ-ਘਰ “ਪਾਇਲ”ਵੰਡ ਕੇ ਮਨਾਇਆ ਜਸ਼ਨ

ਖਾਲੜਾ (ਅੰਮ੍ਰਿਤਸਰ) 26 ਅਗਸਤ : ਪਾਕਿਸਤਾਨ ਦੇ ਪੰਜ ਸਿਰਕੱਢ ਗਾਇਕਾਂ ਨੁਸਰਤ ਫ਼ਤਹਿ ਅਲੀ ਖਾ, ਨਜ਼ਾਕਤ ਅਲੀ, ਮਰਾਤਬ ਅਲੀ , ਨਸੀਬੋ ਲਾਲ ਤੇ ਅਕਰਮ ਰਾਹੀ ਨੇ ਜਿਸ ਲੇਖਕ ਦੀ ਜਗਤ ਪ੍ਰਸਿੱਧ ਗ਼ਜ਼ਲ “ ਉਸ ਬੇਵਫ਼ਾ ਦੀ ਯਾਦ ਵਿੱਚ ਰੋਇਆ ਕਰਾਂ ਕਿ ਨਾ” ਲਿਖਣ ਵਾਲੇ ਲੇਖਕ ਸੁਖਬੀਰ ਸਿੰਘ ਸੰਧੂ ਦੀ ਪੁਸਤਕ ‘ਪਾਇਲ’ ਨੂੰ ਉਨ੍ਹਾਂ ਦੇ ਜੱਦੀ ਪਿੰਡ ਕਲਸੀਆਂ ਨੇੜੇ ਖਾਲੜਾ ਵਿਖੇ ਇੱਕ ਬੇਹੱਦ ਭਾਵਪੂਰਤ ਅਤੇ ਵਿਲੱਖਣ ਅੰਦਾਜ਼ ਵਿੱਚ ਲੋਕ-ਅਰਪਣ ਕੀਤਾ ਗਿਆ।

ਇਹ ਸਮਾਗਮ ਕੇਵਲ ਕਿਸੇ ਪੁਸਤਕ ਦੀ ਰਿਲੀਜ਼ ਤੱਕ ਸੀਮਤ ਨਹੀਂ ਰਿਹਾ, ਸਗੋਂ ਆਪਣੇ ਪਿੰਡ ਦੇ ਲੇਖਕ ਦੀ ਸਾਹਿਤਕ ਪ੍ਰਾਪਤੀ ਨੂੰ ਸਾਂਝੇ ਮਾਣ ਅਤੇ ਖੁਸ਼ੀ ਦੇ ਤਿਉਹਾਰ ਵਜੋਂ ਮਨਾਉਣ ਦਾ ਮੌਕਾ ਸ. ਸੁਰਜੀਤ ਸਿੰਘ ਸੰਧੂ (ਸੇਵਾ ਮੁਕਤ ਈ ਟੀ ਓ)ਦੇ ਯਤਨਾਂ ਸਦਕਾ ਯਾਦਗਾਰੀ ਬਣ ਗਿਆ।



ਸ੍ਰ. ਸੁਰਜੀਤ ਸਿੰਘ ਸੰਧੂ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਨੇ ‘ਪਾਇਲ’ ਗ਼ਜ਼ਲ ਸੰਗ੍ਰਹਿ ਨੂੰ ਸਭ ਤੋਂ ਪਹਿਲਾਂ ਆਪਣੇ ਹੀ ਪਿੰਡ ਵਿੱਚ ਲੋਕ ਅਰਪਨ ਕਰਕੇ ਪੂਰੀ ਦੁਨੀਆਂ ਵਿੱਚ ਵੱਸਦੇ ਪੰਜਾਬੀਆਂ ਨੂੰ ਇਹ ਵਿਲੱਖਣ ਸੰਦੇਸ਼ ਦਿੱਤਾ ਕਿ ਕਿਸੇ ਵੀ ਪਿੰਡ ਦੇ ਲੇਖਕ ਦੀ ਸਭ ਤੋਂ ਪਹਿਲੀ ਪਛਾਣ ਅਤੇ ਸਭ ਤੋਂ ਵੱਡਾ ਸਨਮਾਨ ਉਸ ਨੂੰ ਆਪਣੀ ਮਿੱਟੀ ਅਤੇ ਆਪਣੇ ਲੋਕਾਂ ਕੋਲੋਂ ਮਿਲਦਾ ਹੈ।

ਪੁਸਤਕ ਰਿਲੀਜ਼ ਹੋਣ ਉਪਰੰਤ ਇਸ ਨੂੰ ਭਾਜੀ ਵਾਂਗੂੰ ਪਿੰਡ ਦੇ ਘਰ-ਘਰ ਪਹੁੰਚਾਇਆ ਗਿਆ। ਪੁਸਤਕ ਨੂੰ ਘਰ-ਘਰ ਵੰਡਣ ਦੀ ਇਸ ਪਰੰਪਰਾ ਨੇ ਸਮਾਗਮ ਨੂੰ ਰਸਮੀ ਸਾਹਿਤਕ ਪ੍ਰੋਗਰਾਮ ਦੀ ਥਾਂ ਇੱਕ ਸਾਂਝੇ ਪਰਿਵਾਰਕ ਜਸ਼ਨ ਦਾ ਰੂਪ ਦੇ ਦਿੱਤਾ।

ਇਸ ਮੌਕੇ ਤੰਬੂ ਕਨਾਤ ਲਾ ਕੇ ਪੂਰੇ ਪਿੰਡ ਵਿੱਚ ਵਿਆਹ ਵਰਗਾ ਖੁਸ਼ੀ ਭਰਿਆ ਮਾਹੌਲ ਦੇਖਣ ਨੂੰ ਮਿਲਿਆ। ਪਿੰਡ ਦੇ ਲੋਕ ਆਪਣੇ ਹੀ ਪਿੰਡ ਦੇ ਸ. ਸਰਦਾਰਾ ਸਿੰਘ ਸੰਧੂ ਦੇ ਨਿੱਕੇ ਪੁੱਤਰ ਸਵਰਗੀ ਸੁਖਬੀਰ ਸਿੰਘ ਸੰਧੂ ਪਹਿਲੀ ਵੀਰ 1973 ਵਿੱਚ ਛਪੀ ਤੇ ਹੁਣ 53 ਸਾਲ ਬਾਦ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਹੁਣ ਦੁਬਾਰਾ ਛਾਪੀ ਗਈ ਹੈ। ਪਿੰਡ ਵਾਸੀ ਸਾਹਿਤ ਦੇ ਖੇਤਰ ਵਿੱਚ ਕੀਤੀ ਮਾਣਮੱਤੀ ਸਿਰਜਣਾ ’ਤੇ ਖੁਸ਼ੀ ਅਤੇ ਮਾਣ ਨਾਲ ਖੀਵੇ ਹੋ ਰਹੇ ਸਨ। ਬਜ਼ੁਰਗਾਂ ਤੋਂ ਲੈ ਕੇ ਨੌਜਵਾਨਾਂ ਤੱਕ ਹਰ ਵਰਗ ਨੇ ਇਸ ਪਲ ਨੂੰ ਆਪਣੀ ਸਾਂਝੀ ਪ੍ਰਾਪਤੀ ਵਜੋਂ ਮਹਿਸੂਸ ਕੀਤਾ। ਲੋਕਾਂ ਦੇ ਚਿਹਰਿਆਂ ’ਤੇ ਮਾਣ, ਖੁਸ਼ੀ ਅਤੇ ਆਪਣੇ ਲੇਖਕ ਨਾਲ ਡੂੰਘੇ ਪਿਆਰ ਦੀ ਝਲਕ ਸਾਫ਼ ਦਿਖਾਈ ਦੇ ਰਹੀ ਸੀ।

‘ਪਾਇਲ’ ਦਾ ਇਹ ਸ਼ਗਨਾਂ ਮੱਤਾ ਸਮਾਗਮ ਇਸ ਪੱਖੋਂ ਵੀ ਵਿਲੱਖਣ ਰਿਹਾ ਕਿ ਇੱਥੇ ਪੁਸਤਕ ਸਿਰਫ਼ ਲੋਕ ਅਰਪਣ ਹੀ ਨਹੀਂ ਹੋਈ, ਸਗੋਂ ਲੋਕਾਂ ਤੱਕ ਤੁਰ ਕੇ ਪਹੁੰਚੀ। “ਸੁਰਤਿ ” ਸਾਹਿੱਤਕ ਮੈਗਜ਼ੀਨ ਤੇ “ਦੀ ਟ੍ਰਿਬਿਊਨ ” ਵਿੱਚ ਇਸ ਕਿਤਾਬ ਬਾਰੇ ਛਪੀ ਖ਼ਬਰ ਤੋਂ ਪਿੰਡ ਵਾਲਿਆਂ ਨੂੰ ਪਤਾ ਲੱਗਾ ਕਿ ਸਾਡੇ ਪੁੱਤਰ ਦੀਆਂ ਲਿਖਤਾਂ ਨੂੰ ਕੁੱਲ ਆਲਮ ਤਾ ਜਾਣਦਾ ਹੈ ਪਰ ਪਿੰਡ ਵਾਲਿਆਂ ਨੂੰ ਹੁਣ ਪਤਾ ਲੱਗ ਰਿਹਾ ਹੈ।

ਆਮ ਤੌਰ ’ਤੇ ਪੁਸਤਕ ਰਿਲੀਜ਼ ਸਮਾਗਮ ਕਿਸੇ ਹਾਲ ਜਾਂ ਸੰਸਥਾ ਤੱਕ ਸੀਮਤ ਰਹਿੰਦੇ ਹਨ, ਪਰ ਕਲਸੀਆਂ ਦੀ ਇਸ ਸਾਹਿਤਕ ਪਹਿਲ ਨੇ ਪੁਸਤਕ ਨੂੰ ਪਿੰਡ ਦੇ ਹਰ ਘਰ ਨਾਲ ਜੋੜਨ ਦੀ ਇੱਕ ਨਵੀਂ ਰੀਤ ਪੈਦਾ ਕੀਤੀ।

ਇਸ ਮੌਕੇ ਬੋਲਦਿਆਂ ਸ੍ਰ. ਸੁਰਜੀਤ ਸਿੰਘ ਸੰਧੂ ਨੇ ਕਿਹਾ ਕਿ ਆਪਣੇ ਪਿੰਡ ਦੇ ਲੇਖਕ ਦੀ ਪੁਸਤਕ ਨੂੰ ਆਪਣੇ ਲੋਕਾਂ ਵਿਚਕਾਰ ਰਿਲੋਕ ਅਰਪਨ ਕਰਨਾ ਉਨ੍ਹਾਂ ਲਈ ਮਾਣ ਅਤੇ ਖੁਸ਼ੀ ਦਾ ਵਿਸ਼ੇਸ਼ ਪਲ ਹੈ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਪਿੰਡ ਦੀ ਮਿੱਟੀ ਵਿੱਚੋਂ ਨਿਕਲਿਆ ਵਿਅਕਤੀ ਆਪਣੀ ਕਲਮ ਰਾਹੀਂ ਵੱਡੀ ਸਾਹਿਤਕ ਪਛਾਣ ਬਣਾਉਂਦਾ ਹੈ ਤਾਂ ਉਸ ਦੀ ਸਫ਼ਲਤਾ ਸਿਰਫ਼ ਉਸ ਦੀ ਨਿੱਜੀ ਪ੍ਰਾਪਤੀ ਨਹੀਂ ਰਹਿੰਦੀ, ਸਗੋਂ ਪੂਰੇ ਪਿੰਡ ਦੀ ਸਾਂਝੀ ਪੂੰਜੀ ਬਣ ਜਾਂਦੀ ਹੈ।

ਸਮਾਗਮ ਦੌਰਾਨ ਪਿੰਡ ਵਾਸੀਆਂ ਨੇ ਸੁਖਬੀਰ ਸਿੰਘ ਸੰਧੂ ਦੀ ਸਾਹਿਤਕ ਯਾਤਰਾ ਦੀ ਸ਼ਲਾਘਾ ਕੀਤੀ ਅਤੇ ਆਪਣੇ ਮਰਹੂਮ ਪਿੰਡ ਵਾਸੀ ਨੂੰ ਯਾਦ ਕੀਤਾ। ਸ. ਸੁਰਜੀਤ ਸਿੰਘ ਸੰਧੂ ਨੇ ਇਸ ਕਿਤਾਬ ਨੂੰ ਲੱਭ ਕੇ ਪੂਰੇ 53 ਸਾਲ ਬਾਅਦ ਪ੍ਰਕਾਸ਼ਤ ਕਰਨ ਲਈ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਧੰਨਵਾਦ ਕੀਤਾ। “ਪਾਇਲ’ ਦਾ ਖਾਲੜਾ ਨੇੜੇ ਪਿੰਡ ਕਲਸੀਆਂ ਵਿਖੇ ਹੋਇਆ ਇਹ ਪਹਿਲਾ ਲੋਕ-ਅਰਪਣ ਸਮਾਗਮ ਇੱਕ ਪੁਸਤਕ ਦੇ ਸੰਗਤ ਅਰਪਨ ਤੋਂ ਅੱਗੇ ਵਧ ਕੇ ਮਿੱਟੀ, ਮਨੁੱਖ ਅਤੇ ਸਾਹਿਤ ਦੇ ਰਿਸ਼ਤੇ ਦਾ ਜਸ਼ਨ ਬਣ ਗਿਆ।

ਜਿੱਥੇ 1932 ਵਿੱਚ ਜਨਮੇ ਇਸ ਲੇਖਕ ਦੀ ਕਿਤਾਬ ਪਿੰਡ ਦੇ ਘਰ-ਘਰ ਪਹੁੰਚੀ ਅਤੇ ਪੂਰਾ ਪਿੰਡ ਆਪਣੇ ਮਰਹੂਮ ਲੇਖਕ ਸੁਖਬੀਰ ਸਿੰਘ ਸੰਧੂ ਦੀ ਪ੍ਰਾਪਤੀ ਦਾ ਜਸ਼ਨ ਮਨਾਉਂਦਾ ਨਜ਼ਰ ਆਇਆ। ਸ. ਸੁਰਜੀਤ ਸਿੰਘ ਸੰਧੂ ਨੇ ਇਸ ਕਿਤਾਬ ਬਾਰੇ ਲੇਖ ਲਿਖਣ ਲਈ

ਡਾ. ਆਤਮਜੀਤ, ਜਸਬੀਰ ਭੁੱਲਰ, ਗੁਰਬੀਰ ਸਿੰਘ ਬਰਾੜ , ਡਾ. ਨਰੇਸ਼ ਤੇ ਹੋਰ ਲੇਖਕਾਂ ਦਾ ਧੰਨਵਾਦ ਕੀਤਾ।

# ਚਰਚਿਤ ਗੀਤਕਾਰ ਤੇ ਲੋਕ ਗਾਇਕ ਗਿੱਲ ਦੀਸ਼ “3-4” ਗੀਤ ਚਰਚਾ ਵਿਚ ਹੈ :- ਲੋਕ ਗਾਇਕ ਗਿੱਲ ਦੀਸ਼

ਸ਼ਿਵਨਾਥ ਦਰਦੀ ਫ਼ਰੀਦਕੋਟ

ਪੰਜਾਬੀ ਸੰਗੀਤ ਜਗਤ ਵਿੱਚ ਆਪਣੀ ਗੀਤਕਾਰੀ ਕਰਕੇ “ਗਿੱਲ ਦੀਸ਼” ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀ। ਓਨਾਂ ਦੇ ਗੀਤਾਂ ਕਰਕੇ ਸਰੋਤਿਆਂ ਵੱਲੋ ਓਨਾਂ ਨੂੰ ਮਣਾਂ ਮੂੰਹੀ ਪਿਆਰ ਮਿਲ ਰਿਹਾ ਹੈ। ਪੰਜਾਬੀ ਮਾਂ ਬੋਲੀ ਦੇ ਲਾਲੜੇ ਸਪੂਤ ਨੇ 35 ਅੱਖਰਾਂ ਦੀ ਵਰਣ ਮਾਲਾ ਨੂੰ ਆਪਣੇ ਖੂਬਸੂਰਤ ਬਾਕਮਾਲ ਦੇ ਸ਼ਬਦਾ ‘ਚ ਪਰੋ ਕੇ ਸੰਗੀਤਕ ਪ੍ਰੇਮੀਆ ਦੇ ਕੋਲੋ ਵਾਹ ਵਾਹ ਖੱਟੀ। ਓਨਾਂ ਦੇ ਗੀਤਾਂ ਦੀ ਸਬਦਾਂਵਲੀ ਸਰੋਤਿਆ ਦੇ ਦਿਲ ਤੇ ਨਵੇਕਲੀ ਛਾਪ ਛੱਡ ਜਾਂਦੀ ਹੈ। ਓਨਾਂ ਦੇ ਗੀਤ ਸਰੋਤਿਆ ਵੱਲੋ ਬਾਰ ਬਾਰ ਸੁਣੇ ਜਾਂਦੇ ਤੇ ਆਪਣੀਆਂ ਰੀਲਾਂ ਬਣਾ ਲਗਾਏ ਜਾਂਦੇ ਹਨ।




ਸੰਗੀਤ ਇੰਡਸਟ੍ਰੀਜ ਵਿਚ ਆਪਣੇ ਖੂਬਸੂਰਤ ਸੰਗੀਤ ਕਰਕੇ ਜਾਣੀ ਜਾਂਦੀ ” ਬਾਦਸ਼ਾਹ ਸਟੂਡੀਓ ਪ੍ਰੈਜੈਂਟਸ” ਵੱਲੋ ਲੋਕ ਗਾਇਕ ਗਿੱਲ ਦੀਸ਼” ਦਾ ਪਲੇਠਾ ਗੀਤ “3-4” ਜੋ ਓਨਾਂ ਨੇ ਖੁਦ ਲਿਖਿਆ ਤੇ ਖੁਦ ਕੰਪੋਜ ਕਰ, ਖੁਦ ਹੀ ਗਾਇਆ ਹੈ। ਜਿਸ ਦਾ ਬੇਹਤਰੀਣ ਸੰਗੀਤ ਪ੍ਰਸਿੱਧ ਸੰਗੀਤਕਾਰ “ਬਾਦਸ਼ਾਹ” ਨੇ ਆਪਣੀ ਸੂਖਮ ਸੋਚ ਤੇ ਮਿਹਨਤ ਨਾਲ ਤਿਆਰ ਕੀਤਾ ਹੈ ਅਤੇ ਇਸ ਦੇ ਪ੍ਰੋਡਿਊਸਰ ਵੀ ਬਾਦਸ਼ਾਹ ਹਨ। ਇਸ ਗੀਤ ਦਾ ਖੂਬਸੂਰਤ ਵੀਡੀਓ ਦਰਸ਼ਕਾਂ ਦੇ ਮਨ ਭਾਉਦਾ ਹੈ। ਇਹ ਗੀਤ ਟ੍ਰੈਡਿੰਗ ਵਿੱਚ ਚੱਲ ਰਿਹਾ ਹੈ। ਇਸ ਗੀਤ ਲਈ ਲੋਕ ਗਾਇਕ ਗਿੱਲ ਦੀਸ਼ ਨੇ ਵਿਸੇਸ਼ ਧੰਨਵਾਦ ਸੱਤੂ ਬੱਲੂਆਣਾ, ਉਸਤਾਦ ਗੁਰਲਾਲ ਸੰਧੂ ਤੇ ਸੰਧੂ ਜਲਾਲਾਬਾਦ ਜੀ ਦਾ ਕੀਤਾ ਹੈ।

ਇਸ ਤੋ ਪਹਿਲਾ ਏਨਾ ਦੇ ਗੀਤ , ਪੰਜਾਬੀ ਸੰਗੀਤ ਇੰਡਸਟ੍ਰੀਜ ਦੀ ਦਿਗਜ ਲੋਕ ਗਾਇਕਾ “ਅਫ਼ਸਾਨਾ ਖਾਨ ਜੀ” ਦੀ ਭੈਣ , ਦਮਦਾਰ ਆਵਾਜ ਨਾਲ ਜਾਣੀ ਜਾਂਦੀ ਪ੍ਰਸਿੱਧ ਲੋਕ ਗਾਇਕਾ “ਰਫਤਾਰ ਕੌਰ” ਤੇ ਬੁਲੰਦ ਆਵਾਜ ਦੇ ਮਾਲਿਕ “ਜੱਸ ਸਿੱਧੂ” ਨੇ “ਜਮਾਨਤ” ਗੀਤ ਗਾ ਇੰਡਸਟ੍ਰੀਜ ਵਿੱਚ ਤਰਥੱਲੀ ਮਚਾਈ , ਬੇਹਤਰੀਣ ਤੇ ਬੁਲੰਦ ਦਮਦਾਰ ਗਾਇਕੀ ਦੀ ਮਲਿਕਾ ਲੋਕ ਗਾਇਕਾ “ਜਸਨਮੀਤ ਜੀ” ਨੇ ਜਦੋ “ਬ੍ਰਾਊਨ ਬੁਆਏ” ਗਾਇਆ ਤਾਂ ਸੰਗੀਤ ਦਾ ਇੱਕ ਵੱਖਰਾ ਸੁਮੇਲ ਦੇਖਣ ਨੂੰ ਮਿਲਿਆ।

ਪੰਜਾਬੀ ਦੀ ਖੂਬਸੂਰਤ ਲੋਕ ਆਵਾਜ਼ ਨਾਮਵਰ ਲੋਕ ਗਾਇਕ “ਗੁਰਲਾਲ ਸੰਧੂ” ਨੇ “ਸਰੀਕ” ਤੇ “ਬਰਕਤ” ਗੀਤ ਆਪਣੀ ਆਵਾਜ਼ ਦੇ ਸੰਗੀਤਕ ਖੇਤਰ ਵਿਚ ਵੱਖਰਾ ਮੁਕਾਮ ਹਾਸਲ ਕੀਤਾ ਅਤੇ ਇਸੇ ਲੜੀ ਤਹਿਤ ਪੰਜਾਬੀ ਦੀ ਚਰਚਿਤ ਤੇ ਖੂਬਸੂਰਤ ਆਵਾਜ਼ ਦੀ ਮਲਿਕਾ ਲੋਕ ਗਾਇਕਾ “ਅਨੁਸਕਾ ਜੀ” ਨੇ “ਸਿਆਲ” ਗੀਤ ਸੁਰੀਲੀ ਆਵਾਜ ਦੇ ਚੋਖਾ ਰੰਗ ਭਰਿਆ, ਇਸੇ ਨਾਲ ਸੰਗੀਤ ਜਗਤ ਦੇ ਮੰਝੇ ਲੋਕ ਗਾਇਕ “ਹਾਰੂਨ ਜੀ” ਨੇ “ਚੰਡੀਗੜ੍ਹ” ,”ਸੁਪਨਾ” ਗੀਤ ਗਾ ਅਮਰ ਕਰ ਦਿੱਤਾ।

ਮੈ ਚਰਚਿਤ ਲੋਕ ਗਾਇਕ “ਗਿੱਲ ਦੀਸ਼ ਜੀ” ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ ਤੇ ਓਹ ਏਦਾਂ ਹੀ ਸੰਗੀਤ ਜਗਤ ਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਸਰੋਤਿਆ ਦਾ ਪਿਆਰ ਮੁਹੱਬਤ ਖੱਟਦੇ ਰਹਿਣ ਅਤੇ ਮੰਜ਼ਿਲਾਂ ਓਨਾਂ ਦੇ ਪੈਰ ਚੁੰਮਣ। ਆਮੀਨ